ਦੇਸ਼ ਸੇਵਕ ਚੰਡੀਗੜ੍ਹ, ਐਤਵਾਰ 25 ਅਪ੍ਰੈਲ, 1999

ਵਿਚਾਰ-ਚਰਚਾ — ਗੁਰਸ਼ਰਨ ਸਿੰਘ

# ਪ੍ਰਗਤੀਸ਼ੀਲ ਲੇਖਕ ਸੰਘ

ਚੰਡੀਗੜ੍ਹ ਵਿਚ ਪ੍ਰਗਤੀਸ਼ੀਲ ਲੇਖਕ ਸੰਘ ਦੀ ਤਿੰਨ ਰੋਜ਼ਾ 12ਵੀਂ ਕਾਨਫਰੰਸ ਜੋ ਅੱਜ ਸਮਾਪਤ ਹੋ ਜਾਵੇਗੀ, ਦੌਰਾਨ ਅੱਜ ਦੇ ਸਮਾਜਿਕ ਵਰਤਾਰੇ ਵਿਚ ਲੇਖਕ ਦੀ ਭੂਮਿਕਾ ਚਰਚਾ ਦਾ ਵਿਸ਼ਾ ਰਹੀ ਹੈ।

ਪ੍ਰਗਤੀਸ਼ੀਲ ਲੇਖਕ ਸੰਘ, ਜਿਸਦੀ ਬੁਨਿਆਦ 1936 ਵਿਚ ਰੱਖੀ ਗਈ ਸੀ ਕਈ ਦੌਰਾਂ ਵਿਚੋਂ ਲੰਘਿਆ ਹੈ। ਮੁੱਢਲਾ ਦੌਰ ਬਿਲਕੁਲ ਸਪੱਸ਼ਟ ਮੁੱਦਿਆਂ ਦਾ ਦੌਰ ਸੀ। ਸਾਡੇ ਦੇਸ਼ ਵਿਚ ਅੰਗਰੇਜ਼ਾਂ ਦਾ ਰਾਜ ਸੀ। ਇਸ ਗੁਲਾਮੀ ਨੂੰ ਖ਼ਤਮ ਕਰਨਾ ਅਤੇ ਆਜ਼ਾਦੀ ਦੇ ਸੰਘਰਸ਼ ਲਈ ਲੋਕਾਂ ਨੂੰ ਜਾਗ੍ਰਿਤ ਕਰਨਾ ਅਤੇ ਪ੍ਰੇਰਨਾ ਦੇਣੀ ਲੇਖਕਾਂ ਦਾ ਫਰਜ਼ ਹੈ। ਸੰਸਾਰ ਪੱਧਰ ਤੇ ਫਾਸ਼ੀਵਾਦ ਵਿਰੁੱਧ ਸੰਘਰਸ਼ ਕਰਦੇ ਲੋਕਾਂ ਨਾਲ ਆਪਣੀ ਏਕਤਾ ਜ਼ਾਹਰ ਕਰਨੀ ਪ੍ਰਗਤੀਸ਼ੀਲ ਲੇਖਕਾਂ ਦਾ ਫ਼ਰਜ਼ ਹੈ। ਸਾਮਰਾਜ ਦੁਨੀਆਂ ਭਰ ਦੇ ਲੋਕਾਂ ਦਾ ਦੁਸ਼ਮਣ ਹੈ। ਇਹ ਸੋਚ ਪ੍ਰਗਤੀਸ਼ੀਲ ਲੇਖਕਾਂ ਦੀ ਸੋਚ ਹੈ।

ਇਸ ਦੌਰ ਵਿਚ ਬੰਗਾਲ ਦਾ ਕਾਲ ਪਿਆ ਤਾਂ ਇਸ ਕਾਲ ਦੀ ਜ਼ਿੰਮੇਵਾਰੀ ਅੰਗਰੇਜ਼ ਸਾਮਰਾਜ 'ਤੇ ਹੈ। ਲੇਖਕਾਂ ਦੀਆਂ ਲਿਖਤਾਂ ਇਸ ਬਾਰੇ ਸਪੱਸ਼ਟ ਸਨ। ਉਸ ਦੌਰ ਵਿਚ ਕ੍ਰਿਸ਼ਨ ਚੰਦਰ ਦੀ ਕਹਾਣੀ 'ਅੰਨਦਾਤਾ' ਇਕ ਪ੍ਰਸਿੱਧ ਕਹਾਣੀ ਸੀ। ਅੰਗਰੇਜ਼ ਸਰਕਾਰ ਨੇ ਉਸ ਕਹਾਣੀ 'ਤੇ ਬੰਦਸ਼ ਲਗਾ ਦਿੱਤੀ। ਲੇਖਕਾਂ ਦੀ ਦੇਣ ਦਾ ਅੰਦਾਜ਼ਾ ਇਸ ਕਹਾਣੀ ਤੋਂ ਹੀ ਲਗਾਇਆ ਜਾ ਸਕਦਾ ਹੈ। ਇਸੇ ਤਰ੍ਹਾਂ ਖਵਾਜਾ ਅਹਿਮਦ ਅੱਬਾਸ ਦੀ ਕਹਾਣੀ '12 ਘੰਟੇ' ਮਿਸਾਲ ਹੈ। ਲੇਖਕ ਪ੍ਰਗਤੀਸ਼ੀਲ ਸਨ, ਕਿਉਂਕਿ ਉਹ ਸਾਮਰਾਜ ਵਿਰੋਧੀ ਸਨ। ਇਹ ਗੱਲ ਸਾਫ਼ ਸੀ।

ਦੇਸ਼ ਆਜ਼ਾਦ ਹੋਇਆ ਤਾਂ ਪ੍ਰਗਤੀਸ਼ੀਲ ਲੇਖਕਾਂ ਨੇ ਇਹ ਗੱਲ ਆਖੀ ਕਿ ਇਹ ਆਜ਼ਾਦੀ ਅਸਲੀ ਆਜ਼ਾਦੀ ਨਹੀਂ ਕਿਉਂਕਿ ਆਮ ਬੰਦੇ ਦੇ ਸ਼ੋਸ਼ਣ ਵਾਲਾ ਸਮਾਜ ਉਸੇ ਤਰ੍ਹਾਂ ਕਾਇਮ ਹੈ। ਗੋਰਿਆਂ ਦੀ ਥਾਂ ਕਾਲੇ ਅੰਗਰੇਜ਼ ਹਾਕਮ ਬਣ ਗਏ ਹਨ। ਲਾਰਡ ਮਾਊਂਟਬੇਟਨ ਦਾ ਪਹਿਲਾ ਵਾਇਸਰਾਏ ਬਣਨਾ ਇਕ ਐਸੀ ਘਟਨਾ ਸੀ, ਇਸਨੂੰ ਪ੍ਰਗਤੀਸ਼ੀਲ ਲੇਖਕ ਨਜ਼ਰਅੰਦਾਜ਼ ਨਹੀਂ ਕਰ ਸਕਦੇ ਸਨ। ਇਸੇ ਤਰ੍ਹਾਂ ਸਰਦਾਰ ਪਟੇਲ ਦੀ ਜਹਾਜ਼ੀਆਂ ਦੀ ਬਗ਼ਾਵਤ ਬਾਰੇ ਰਾਇ ਅਤੇ ਭੂਮਿਕਾ ਅਤੇ ਹਾਕਮਾਂ ਦਾ ਤਿਲੰਗਾਨਾ ਕਿਸਾਨ ਬਗ਼ਾਵਤ ਬਾਰੇ ਜ਼ੁਲਮ ਅਤੇ ਜਬਰ ਲੇਖਕਾਂ ਦੇ ਰੋਹ ਦਾ ਵਿਸ਼ਾ ਸੀ। ਕ੍ਰਿਸ਼ਨ ਚੰਦਰ ਦਾ ਨਾਵਲਿਟ 'ਜਬ ਖੇਤ ਜਾਗੇ' ਲੇਖਕਾਂ ਦੀ ਸੂਰਬੀਰ ਕਿਸਾਨਾਂ ਨੂੰ ਸ਼ਰਧਾਂਜਲੀ ਸੀ। ਉਸ ਦੌਰ ਬਾਰੇ ਲੇਖਕਾਂ ਦਾ ਕਹਿਣਾ ਸੀ—'ਖਿਜ਼ਾਂ ਕਹੇਂਗੇ ਫਿਰ ਕਿਸੇ, ਅਗਰ ਯਹੀ ਬਹਾਰ ਹੈ'—ਆਜ਼ਾਦੀ ਬਾਰੇ ਜਾਇਜ਼ਾ ਸੀ।

ਪ੍ਰਗਤੀਸ਼ੀਲ ਲੇਖਕ ਸੰਘ ਦਾ ਅਗਲਾ ਦੌਰ ਉਹ ਹੈ, ਜਦੋਂ ਕਈ ਲੇਖਕ ਸਥਾਪਤੀ ਨਾਲ ਜੁੜੇ ਅਤੇ ਉਹਨਾਂ ਸਮਾਜਕ ਨਿਆਂ ਲਈ ਸੰਘਰਸ਼ ਉੱਤੇ ਕਿੰਤੂ ਹੋਣਾ ਸ਼ੁਰੂ ਹੋਇਆ। ਰੋਹ ਦੀ ਥਾਂ ਸਿਸਟਮ ਨਾਲ ਸਮਝੌਤਾ ਮੁੱਖ ਮੁੱਦਾ ਬਣਿਆ। ਇਹ ਦੌਰ ਹਾਲੀ ਵੀ ਜਾਰੀ ਹੈ।

ਇਕ ਹੋਰ ਮੁੱਦਾ ਜਿਸਦੇ ਬਾਰੇ ਲੇਖਕਾਂ ਵਿਚ ਚਰਚਾ ਹੈ ਉਹ ਹੈ ਕਿ ਸਮਾਜ ਦੇ ਵਰਤਾਰੇ ਵਿਚ ਲੇਖਕਾਂ ਦੀ ਦਖ਼ਲਅੰਦਾਜ਼ੀ ਕਿਸ ਤਰ੍ਹਾਂ ਹੋਵੇ ਅਤੇ ਕਿਹੜੇ ਫੋਰਮ ਤੋਂ ਹੋਵੇ? ਕੀ ਉਹ ਕਵਿਤਾ, ਕਹਾਣੀ ਲਿਖ ਕੇ ਆਪਣੀ ਜ਼ਿੰਮੇਵਾਰੀ ਤੋਂ ਸੁਰਖ਼ਰੂ ਹੋ ਜਾਣ? ਲੇਖਕ ਇਕ ਸੰਵੇਦਨਸ਼ੀਲ ਵਿਅਕਤੀ ਹੈ। ਉਹ ਬਹੁਤ ਕੁਝ ਸੋਚਦਾ ਹੈ। ਉਹ ਸੁਪਨੇ ਵੀ ਵੇਖਦਾ ਹੈ, ਜਿਹੜੇ ਭਵਿੱਖ ਦੇ ਸਮਾਜ ਬਾਰੇ ਅਧਾਰ ਮੁਹੱਈਆ ਕਰ ਸਕਦੇ ਹਨ, ਪਰ ਉਹਦੇ ਕੋਲ ਆਪਣੇ ਵਿਚਾਰਾਂ ਲਈ ਲਾਮਬੰਦੀ ਕਰਨ ਲਈ ਕੋਈ ਫੋਰਮ ਨਹੀਂ ਜਦੋਂ ਉਹ ਕਿਸੇ ਵੱਖਰੇ ਫੋਰਮ ਤੇ ਗੱਲ ਕਰਨ ਲੱਗਦਾ ਹੈ ਤਾਂ ਪ੍ਰਬੰਧਕਾਂ ਵੱਲੋਂ ਰੋਸ ਹੋ ਜਾਂਦਾ ਹੈ ਕਿ 'ਕ੍ਰਿਪਾ ਕਰਕੇ ਸਿਆਸਤ ਦੀ ਗੱਲ ਨਾ ਕਰੋ'। ਇਹ ਸਾਫ਼ ਹੈ ਕਿ ਸਾਰਾ ਵਰਤਾਰਾ ਸਿਆਸਤ ਦੇ ਆਧਾਰ 'ਤੇ ਚਲ ਰਿਹਾ ਹੈ। ਜੇ ਲੇਖਕ ਨੇ ਵਰਤਾਰੇ ਬਾਰੇ ਟਿੱਪਣੀ ਕਰਨੀ ਹੈ ਤਾਂ ਸਿਆਸਤ ਵਿਚ ਆਉਣੀ ਹੀ ਹੈ। ਕੀ ਪ੍ਰਗਤੀਸ਼ੀਲ ਲੇਖਕ ਸੰਘ ਇਹ ਫੋਰਮ ਮੁਹੱਈਆ ਕਰਦਾ ਹੈ? ਇਸ ਸਵਾਲ ਨੂੰ ਸੰਬੋਧਨ ਹੋਣਾ ਜ਼ਰੂਰੀ ਹੈ।

ਫਿਰਕਾਪ੍ਰਸਤੀ ਦਾ ਮੁੱਦਾ, ਜਾਤ-ਪਾਤ ਦਾ ਮੁੱਦਾ, ਨਿਮਨਵਰਗ ਉੱਤੇ ਜਬਰ ਅਤੇ ਜ਼ੁਲਮ ਦਾ ਮੁੱਦਾ ਜੋ ਇਕ ਸਿਹਤਮੰਦ ਸਮਾਜ ਲਈ ਕੋਹੜ ਹਨ, ਇਹ ਸਾਰੇ ਲੋਕਾਂ ਲਈ ਅਤੇ ਲੇਖਕਾਂ ਲਈ ਜ਼ਿੰਦਗੀ ਮੌਤ ਦੇ ਮੁੱਦੇ ਹਨ ਕੀ ਇਹਨਾਂ ਮੁੱਦਿਆਂ ਨੂੰ ਸਿਰਫ਼ ਸਿਆਸਤਦਾਨਾਂ ਲਈ ਛੱਡ ਦਿੱਤਾ ਜਾਵੇ ਜਾਂ ਉਹਨਾਂ ਦਾ ਸਹਿਯੋਗ ਲੈ ਕੇ ਜਾਂ ਉਹਨਾਂ ਨੂੰ ਸਹਿਯੋਗ ਦੇ ਕੇ, ਇਹਨਾਂ ਵਿਚ ਕਿਸ ਤਰ੍ਹਾਂ ਦਖ਼ਲਅੰਦਾਜ਼ੀ ਕੀਤੀ ਜਾਏ, ਇਹ ਲੇਖਕਾਂ ਲਈ ਵੀ ਸੋਚਣ ਦੀ ਗੱਲ ਹੈ ਅਤੇ ਸੁਹਿਰਦ ਸਿਆਸਤਦਾਨਾਂ ਲਈ ਵੀ ਹੈ।